14.3.99

ਵਿਚਾਰ-ਚਰਚਾ — ਗੁਰਸ਼ਰਨ ਸਿੰਘ

ਪ੍ਰਧਾਨ ਮੰਤਰੀ, ਦੇਸ਼ ਦੇ ਮਸਲੇ ਅਤੇ ਅਫ਼ਸਰਸ਼ਾਹੀ

10 ਮਾਰਚ ਦਿੱਲੀ ਪ੍ਰਧਾਨ ਮੰਤਰੀ ਦੇ ਸਨਮਾਨ ਵਿਚ ਇਕ ਸਮਾਗਮ ਹੋ ਰਿਹਾ ਸੀ। ਇਸ ਸਮਾਗਮ ਦੀ ਸਿੱਧੀ ਰਿਪੋਰਟ ਟੀ.ਵੀ.ਤੋਂ ਵਿਖਾਈ ਜਾ ਰਹੀ ਸੀ। ਜਿਸ ਤਰ੍ਹਾਂ ਸਨਮਾਨ ਸਮਾਗਮਾਂ ਵਿਚ ਹੁੰਦਾ ਹੈ, ਪ੍ਰਧਾਨ ਮੰਤਰੀ ਦੀ ਤਾਰੀਫ਼ਾਂ ਦੇ ਪੁਲ ਬੰਨ੍ਹੇ ਜਾ ਰਹੇ ਸਨ। ਭਾਰਤ ਦੇ ਵੱਡੇ ਭਾਗ ਹਨ ਕਿ ਇਹੋ ਜਿਹਾ ਲਾਲ ਭਾਰਤ ਵਿਚ ਪੈਦਾ ਹੋਇਆ ਹੈ। ਉਂਝ ਕੈਮਰਾ ਵਿਚ-ਵਿਚ ਜਦੋਂ ਪ੍ਰਧਾਨ ਮੰਤਰੀ 'ਤੇ ਪੈਂਦਾ ਸੀ ਤਾਂ ਉਹਨਾਂ ਦੇ ਚਿਹਰੇ ਦਾ ਪ੍ਰਭਾਵ ਇਹ ਸਾਫ਼ ਕਹਿ ਰਿਹਾ ਸੀ 'ਭਲਾ ਮੈਂ ਐਸਾ ਕੀ ਕੀਤਾ ਹੈ? ਜਿਹੜੀ ਮੇਰੀ ਏਨੀ ਤਾਰੀਫ਼ ਕਰ ਰਹੇ ਹੋ। ਉਂਝ ਵੇਖਣ ਵਾਲਿਆਂ ਦੇ ਦਿਲਾਂ ਵਿਚ ਵੀ ਸਵਾਲ ਉੱਠ ਰਿਹਾ ਸੀ ਕਿ ਦਿੱਲੀ ਵਾਲਿਆਂ ਨੂੰ ਇਹੋ ਜਿਹੇ ਸਮਾਗਮ ਕਰਨ ਦੀ ਲੋੜ ਕੀ ਹੈ ਤੇ ਅਗੋਂ ਇਹਨਾਂ ਸਮਾਗਮਾਂ ਨੂੰ ਟੀ.ਵੀ. ਵਿਚ ਵਿਖਾਉਣ ਦੀ ਕੀ ਲੋੜ ਪਈ ਹੈ?

ਸਾਰੀ ਕਾਰਵਾਈ ਦੇ ਬਾਅਦ ਫੇਰ ਵਾਜਪਾਈ ਹੁਰਾਂ ਦੀ ਬੋਲਣ ਦੀ ਵਾਰੀ ਆਈ। ਉਹਨਾਂ ਨੇ ਸ਼ੁਰੂ ਕੀਤਾ ਕਿ 'ਭਾਰਤ ਦੇ ਅੱਗੇ ਬੜੇ ਚੈਲਿੰਜ ਹਨ। ਦੇਸ਼ ਵਿਚ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਇਕ, ਭਿਆਨਕ ਸਮੱਸਿਆ ਦੇ ਰੂਪ ਵਿਚ ਸਾਡੇ ਸਾਹਮਣੇ ਹਨ। ਸਾਡੀ ਪੀੜ੍ਹੀ ਜਿਹੜੀ ਹੁਣ ਸਤਰਵੇਂ ਦੇ ਦੌਰ ਵਿਚ ਹੈ, ਉਹ 50 ਸਾਲ ਪਹਿਲੇ ਦੀ ਪੰਡਿਤ ਨਹਿਰੂ ਦੀ ਤਕਰੀਰ ਯਾਦ ਕਰ ਸਕਦੇ ਹਨ। ਉਹਦੇ ਵਿਚ ਵੀ ਇਹੋ ਸਮੱਸਿਆ ਹੁੰਦੀ ਸੀ ਗਰੀਬੀ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਦੀ। "ਹਮ ਨੇ ਮੁਕਾਬਲਾ ਕਰਨਾ ਹੈ, ਇਨ ਮੁਸ਼ਕਿਲੋਂ ਦਾ" ਉਹਨਾਂ ਦੇ ਸ਼ਬਦ ਹੁੰਦੇ ਸਨ। ਇੰਦਰਾ ਗਾਂਧੀ ਵੀ ਜਦੋਂ ਕੌਮ ਨੂੰ ਸੰਬੋਧਨ ਹੁੰਦੀ ਸੀ, ਇਹੋ ਕਹਿੰਦੀ ਸੀ, "ਹਮ ਨੇ ਦੂਰ ਕਰਨੀ ਹੈ ਗਰੀਬੀ"। ਰਾਜੀਵ ਗਾਂਧੀ ਵੀ ਇਹੋ ਕਹਿੰਦਾ ਸੀ, "ਹਮ ਨੇ ਦੂਰ ਕਰਨੀ ਹੈ ਅਨਪੜ੍ਹਤਾ ਔਰ ਕੌਮ ਕੋ 21ਵੀਂ ਸਦੀ ਮੇਂ ਲਿਜਾਣਾ ਹੈ"। ਚੰਦਰ ਸ਼ੇਖ਼ਰ ਥੋੜ੍ਹੀ ਦੇਰ ਪ੍ਰਧਾਨ ਮੰਤਰੀ ਰਹੇ, ਉਹਨਾਂ ਨੇ ਵੀ ਇਹੋ ਗੱਲ ਆਖੀ। ਨਰਸਿੰਮਾ ਰਾਓ ਵੀ ਇਹੋ ਗੱਲ ਕਹਿੰਦੇ ਰਹੇ। ਦੇਵਗੌੜਾ ਨੇ ਵੀ ਇਹੋ ਗੱਲ ਆਖੀ। ਗੁਜਰਾਲ ਨੇ ਵੀ ਇਹੋ ਬੋਲੀ ਬੋਲੀ। 52 ਸਾਲ ਲੋਕ ਇਹਨਾਂ ਸਮੱਸਿਆਵਾਂ ਬਾਰੇ ਹੀ ਸੁਣ ਰਹੇ ਹਨ ਪਰ ਸਿੱਤਮ-ਜ਼ਰੀਫ਼ੀ ਹੈ ਕਿ ਇਹ ਸਮੱਸਿਆਵਾਂ ਉਥੇ ਦੀਆਂ ਉਥੇ ਖਲੋਤੀਆਂ ਹਨ ਤੇ ਹੱਲ ਨਹੀਂ ਹੋਈਆਂ। ਲੋਕਾਂ ਦਾ ਹੱਕ ਬਣਦਾ ਹੈ ਕਿ ਪੁੱਛਣ ਕਿਉਂ ਨਹੀਂ ਹੱਲ ਹੋਈਆਂ? ਦੇਸ਼ ਇਕ ਦਲ-ਦਲ ਵਿਚ ਫਸੇ ਹੋਏ ਬੰਦੇ ਵਾਂਗ ਥੱਲੇ ਹੀ ਥੱਲੇ ਕਿਉਂ ਜਾ ਰਿਹਾ ਹੈ? ਇਹ ਕਸੂਰ ਕਿਸਦਾ ਹੈ? ਉਂਗਲ ਕਿੱਥੇ ਰੱਖੀ ਜਾਏ? ਅੱਗੋਂ ਸੋਚਣ ਵਾਲੇ ਲੋਕਾਂ ਲਈ ਇਹ ਇਕ ਚੈਲਿੰਜ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਇਸ ਦੇਸ਼ ਦਾ ਪ੍ਰਬੰਧ ਇਕ ਵਿਧਾਨ ਥੱਲੇ ਚੱਲ ਰਿਹਾ ਹੈ। ਉਹ ਪ੍ਰਬੰਧ ਜੇਕਰ ਲੋਕਾਂ ਨੂੰ ਰਾਹਤ ਨਹੀਂ ਦੇ ਰਿਹਾ ਤਾਂ ਇਹਦਾ ਮਤਲਬ ਹੈ ਕਿ ਵਿਧਾਨ ਵਿਚ ਹੀ ਕਿਧਰੇ ਨਾ ਕਿਧਰੇ ਕੋਈ ਗ਼ਲਤੀ ਹੈ। ਜਿਹੜੀ ਮਸ਼ੀਨਰੀ ਕੰਮ ਦੀ ਨਹੀਂ ਤਾਂ ਉਹਨੂੰ ਕੰਡਮ ਕਰਨਾ ਜ਼ਰੂਰੀ ਹੈ। ਭਾਵੇਂ ਪ੍ਰਧਾਨ ਮੰਤਰੀ ਬਦਲਦੇ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਪ੍ਰਬੰਧ ਅਫ਼ਸਰਸ਼ਾਹੀ ਹੀ ਚਲਾਉਂਦੀ ਹੈ। ਇਹ ਅਫ਼ਸਰਸ਼ਾਹੀ ਦੇਸ਼ ਦੀ ਕਰੀਮ ਕਹਿਲਾਉਂਦੀ ਹੈ ਤੇ ਮੁਕਾਬਲੇ ਦੇ ਇਮਤਿਹਾਨਾਂ ਰਾਹੀਂ ਚੁਣੀ ਜਾਂਦੀ ਹੈ। ਰੱਜੇ-ਪੁੱਜੇ ਲੋਕਾਂ ਦੇ ਹਿੱਤ ਵਿਚ ਜਿਹੜਾ ਵਿੱਦਿਆ ਸਿਸਟਮ ਚੱਲ ਰਿਹਾ ਹੈ, ਇਹ ਅਫ਼ਸਰਸ਼ਾਹੀ ਉਹਦੀ ਦੇਣ ਹੈ। ਕੁਝ ਰਿਜ਼ਰਵੇਸ਼ਨ ਦਾ ਕੋਟਾ ਛੱਡ ਕੇ, ਰੱਜੇ-ਪੁੱਜੇ ਟੱਬਰਾਂ ਦੇ ਮੁੰਡੇ-ਕੁੜੀਆਂ ਮੁਕਾਬਲੇ ਦੇ ਇਮਤਿਹਾਨ ਵਿਚ ਕਾਮਯਾਬ ਹੋ ਕੇ ਪ੍ਰਬੰਧਕੀ ਢਾਂਚੇ ਦੀ ਰੀੜ੍ਹ ਦੀ ਹੱਡੀ ਬਣਦੇ ਹਨ। ਉਹਨਾਂ ਕੋਲ ਨਾ ਹੀ ਕੋਈ ਵਚਨਬੱਧਤਾ ਹੈ, ਨਾ ਹੀ ਕੋਈ ਇਰਾਦਾ ਹੈ ਕਿ ਗਰੀਬਾਂ ਦੀ ਗਰੀਬੀ ਜਾਂ ਅਨਪੜ੍ਹਤਾ ਦੂਰ ਕਰਨੀ ਹੈ। ਉਹਨਾਂ ਕੋਲ ਇਕੋ ਘਸੀ ਪਿੱਟੀ ਦਲੀਲ ਹੈ ਕਿ ਗਰੀਬਾਂ ਦਾ ਕੁਝ ਨਹੀਂ ਬਣ ਸਕਦਾ। ਉਹ ਤਾਂ ਬੱਚੇ ਹੀ ਬਹੁਤ ਪੈਦਾ ਕਰਦੇ ਹਨ। ਵਧਦੀ ਹੋਈ ਆਬਾਦੀ ਅੱਗੇ ਕੋਈ ਕੀ ਕਰ ਸਕਦਾ ਹੈ? ਉਹ ਬਾਹਵਾਂ ਉੱਚੀਆਂ ਕਰ ਦੇਂਦੇ ਹਨ ਤੇ ਇਹ ਬਿਆਨ ਦੇ ਕੇ ਕਿ ਇਸ ਦੇਸ਼ ਦਾ ਕੁਝ ਨਹੀਂ ਬਣ ਸਕਦਾ, ਸੁਰਖ਼ਰੂ ਹੋ ਜਾਂਦੇ ਹਨ। ਇਸ ਨਾਕਸ ਸੋਚ ਵਾਲੀ ਮਸ਼ੀਨਰੀ ਕੋਲ ਹੀ ਦੇਸ਼ ਦੇ ਪ੍ਰਬੰਧ ਦੀ ਵਾਗਡੋਰ ਹੈ, ਇਸ ਕਰਕੇ ਜਿੰਨਾ ਚਿਰ ਇਹਨਾਂ ਕੋਲੋਂ ਸਾਰਾ ਪ੍ਰਬੰਧ ਚਲਾਉਣ ਦੀ ਤਾਕਤ ਨਹੀਂ ਖੋਹੀ ਜਾਂਦੀ, ਗਰੀਬਾਂ ਦਾ ਕੁਝ ਨਹੀਂ ਬਣਨਾ। ਜੇ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਥੱਲੇ ਲੋਕਾਂ ਤੱਕ ਨਹੀਂ ਪੁੱਜਦੀ ਤਾਂ ਲੋਕਾਂ ਦਾ ਵਾਕਈ ਕੁਝ ਨਹੀਂ ਬਣਨਾ। ਇਸ ਸਿਲਸਿਲੇ ਵਿਚ ਬੰਗਾਲ ਵਿਚ ਪੰਚਾਇਤਾਂ ਨੂੰ ਜ਼ਿੰਮੇਵਾਰੀ ਦੇਣ ਦਾ ਅਤੇ ਮੱਧ ਪ੍ਰਦੇਸ਼ ਵਿਚ ਕਬਾਇਲੀ ਔਰਤਾਂ ਨੂੰ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਦੇਣ ਦਾ ਜੋ ਤਜਰਬਾ ਹੋ ਰਿਹਾ ਹੈ, ਉਹ ਦਿਸ਼ਾ ਦਿਖਾ ਸਕਦਾ ਹੈ। ਉਹਦੀ ਜਾਣਕਾਰੀ ਲੋਕਾਂ ਤੱਕ ਪੁੱਜਣੀ ਚਾਹੀਦੀ ਹੈ।

ਅਫ਼ਸਰਸ਼ਾਹੀ ਦੇ ਮੁਕਾਬਲੇ ਵਿਚ ਹਰ ਪ੍ਰਾਂਤ ਵਿਚ ਕੁਝ ਬੁੱਧੀਜੀਵੀ ਐਸੇ ਜ਼ਰੂਰ ਹਨ, ਜਿਹੜੇ ਸਮੱਸਿਆ ਦਾ ਹੱਲ ਸੁਹਿਰਦਤਾ ਨਾਲ ਦੱਸਦੇ ਹਨ। ਉਹਨਾਂ ਦੇ ਇਸ ਸਿਲਸਿਲੇ ਵਿਚ ਅਖ਼ਬਾਰਾਂ ਵਿਚ ਲੇਖ ਵੀ ਪੜ੍ਹਣ ਨੂੰ ਮਿਲਦੇ ਹਨ। ਪੰਜਾਬ ਵਿਚ ਡਾ. ਸਰਦਾਰਾ ਸਿੰਘ ਜੌਹਲ, ਡਾ. ਸੁੱਚਾ ਸਿੰਘ ਗਿੱਲ, ਡਾ. ਨਿਰਮਲ ਆਜ਼ਾਦ ਵਰਗੇ ਐਸੇ ਵਿਅਕਤੀ ਹਨ, ਜੋ ਪੰਜਾਬ ਦੀ ਆਰਥਕਤਾ ਬਾਰੇ, ਕਿਸਾਨਾਂ ਦੇ ਮਸਲਿਆਂ ਬਾਰੇ ਤੇ ਬੇਰੁਜ਼ਗਾਰੀ ਦੇ ਮਸਲਿਆਂ ਬਾਰੇ ਲਿਖਦੇ ਰਹਿੰਦੇ ਹਨ, ਪਰ ਪ੍ਰਬੰਧ ਵਿਚ ਉਹਨਾਂ ਦਾ ਕੋਈ ਦਖ਼ਲ ਨਹੀਂ ਹੋ ਸਕਦਾ। ਇਹੋ ਹੀ ਵੱਡੀ ਤ੍ਰਾਸਦੀ ਹੈ। ਸਾਡਾ ਵਿਧਾਨ ਅਫ਼ਸਰਸ਼ਾਹੀ ਨੂੰ ਬਹੁਤ ਹੀ ਤਾਕਤ ਦੇਂਦਾ ਹੈ। ਦੂਜਿਆਂ ਦੀ ਆਵਾਜ਼ ਹਵਾ ਵਿਚ ਗੁੰਮ ਹੋ ਜਾਂਦੀ ਹੈ।

ਦੇਸ਼ ਵਿਚ ਅਮੀਰਾਂ ਦੀ ਅਮੀਰੀ ਵੇਖੀਏ ਤਾਂ ਸਾਫ਼ ਹੈ ਕਿ ਦੇਸ਼ ਦੀ ਗ਼ਰੀਬੀ ਦੂਰ ਕਰਨ ਲਈ ਸਰਕਾਰ ਕੋਲ ਸਾਧਨ ਜ਼ਰੂਰ ਹਨ। ਬਾਦਲ ਸਾਹਿਬ ਲਈ ਐਵੇਂ ਹੈਲੀਕਾਪਟਰ ਨਹੀਂ ਮੁਹੱਈਆ ਹੋ ਜਾਂਦੇ। ਵਜ਼ੀਰਾਂ ਲਈ ਮਹਿੰਗੀਆਂ ਤੋਂ ਮਹਿੰਗੀਆਂ ਕਾਰਾਂ ਐਵੇਂ ਨਹੀਂ ਆ ਜਾਂਦੀਆਂ। ਏਅਰ ਕੰਡੀਸ਼ਨ ਕਮਰੇ ਐਵੇਂ ਨਹੀਂ ਬਣ ਜਾਂਦੇ। ਸਭ ਕੁਝ ਮੌਜੂਦ ਹੈ, ਜੋ ਕੁਝ ਮੌਜੂਦ ਨਹੀਂ ਤਾਂ ਉਹ ਗਰੀਬਾਂ ਲਈ ਨਹੀਂ।

ਸਰਕਾਰ ਜਿਸ ਵਿਧਾਨ ਥੱਲੇ 52 ਸਾਲਾਂ ਤੋਂ ਚੱਲ ਰਹੀ ਹੈ, ਉਹਦੇ ਬਾਰੇ ਮੁੜ ਵਿਚਾਰ ਦੀ ਲੋੜ ਹੈ। ਜਿਹੜੇ ਲੋਕ ਸਿਆਸਤ ਨਾਲ ਜੁੜੇ ਹੋਏ ਹਨ, ਉਹਨਾਂ ਲਈ ਮੁੱਦਾ ਹੋ ਸਕਦਾ ਹੈ ਕਿ ਪ੍ਰਧਾਨਗੀ ਤਰਜ਼ ਦਾ ਰਾਜ ਹੋਵੇ ਜਾਂ ਪਾਰਲੀਮੈਂਟ ਤਰਜ਼ ਹੋ ਹੋਵੇ ਪਰ ਸਾਧਾਰਨ ਲੋਕਾਂ ਲਈ ਮੁੱਦਾ ਹੈ ਕਿ ਇਹ ਗਰੀਬਪੱਖੀ ਕਿਸ ਤਰ੍ਹਾਂ ਹੋਵੇ ਕਿਉਂਕਿ ਮਸਲਾ ਤਾਂ ਗਰੀਬਾਂ ਦੀ ਗਰੀਬੀ ਹੈ। ਸੋਚਣ ਵਾਲੇ ਲੋਕਾਂ ਨੂੰ ਇਸ ਸਵਾਲ ਨੂੰ ਸੰਬੋਧਨ ਹੋਣਾ ਜ਼ਰੂਰੀ ਹੈ। ਇਹ ਚੈਲਿੰਜ ਵਾਂਗ ਲਿਆ ਜਾਣਾ ਚਾਹੀਦਾ ਹੈ।